HeartKids



# ਜਮਾਂਦਰੂ ਦਿਲ ਦੀ ਬਿਮਾਰੀ: ਕਾਰਨ

ਜਮਾਂਦਰੂ ਦਿਲ ਦੀ ਬਿਮਾਰੀ ਦੇ ਕਾਰਨਾਂ ਬਾਰੇ ਜਾਣਕਾਰੀ।

## ਜਮਾਂਦਰੂ ਦਿਲ ਦੀ ਬਿਮਾਰੀ ਕੀ ਹੁੰਦੀ ਹੈ?

ਜਮਾਂਦਰੂ ਦਿਲ ਦੀ ਬਿਮਾਰੀ (Congenital Heart Disease – CHD) ਉਨ੍ਹਾਂ ਕਈ ਕਿਸਮ ਦੀਆਂ ਹਾਲਤਾਂ ਲਈ ਵਰਤਿਆ ਜਾਣ ਇੱਕ ਆਮ ਸ਼ਬਦ ਹੈ ਜੋ ਦਿਲ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀਆਂ ਹਨ।

ਜਮਾਂਦਰੂ ਦਾ ਮਤਲਬ ਹੈ ਕਿ ਉਹ ਸਥਿਤੀ ਜਨਮ ਤੋਂ ਹੀ ਮੌਜੂਦ ਹੈ। ਜਮਾਂਦਰੂ ਦਿਲ ਦੇ ਨੁਕਸ ਸਭ ਤੋਂ ਆਮ ਕਿਸਮ ਦੇ ਜਨਮ ਨੁਕਸ ਹਨ। 100 ਵਿੱਚੋਂ 1 ਬੱਚਾ ਦਿਲ ਦੇ ਨੁਕਸ ਨਾਲ ਪੈਦਾ ਹੁੰਦਾ ਹੈ।[1]

ਜਮਾਂਦਰੂ ਦਿਲ ਦੀ ਬਿਮਾਰੀ ਦੇ
**10 ਵਿੱਚੋਂ 8** ਮਾਮਲਿਆਂ ਵਿੱਚ



ਇਸਦੇ ਹੋਣ ਦਾ **ਕੋਈ ਕਾਰਨ ਪਤਾ ਨਹੀਂ ਹੈ**[2]

## ਜਮਾਂਦਰੂ ਦਿਲ ਦੀ ਬਿਮਾਰੀ ਦਾ ਕੀ ਕਾਰਨ ਹੈ?

### ਜਮਾਂਦਰੂ ਦਿਲ ਦੀ ਬਿਮਾਰੀ ਦੇ ਲਗਭਗ 80% ਮਾਮਲਿਆਂ ਵਿੱਚ, ਇਸਦੇ ਹੋਣ ਦਾ ਕਾਰਨ ਅਣਜਾਣ ਹੈ।

ਜਮਾਂਦਰੂ ਦਿਲ ਦੀ ਬਿਮਾਰੀ ਨਾਲ ਪੈਦਾ ਹੋਏ ਬੱਚਿਆਂ ਦੀਆਂ ਕੁੱਝ ਮਾਵਾਂ ਨੇ ਆਪਣੇ ਬੱਚੇ ਦੀ ਬਿਮਾਰੀ ਦਾ ਕਾਰਨ ਲੱਭਣ ਦੀ ਕੋਸ਼ਿਸ਼ ਵਿੱਚ ਗਰਭ-ਅਵਸਥਾ ਦੌਰਾਨ ਆਪਣੇ ਵਿਵਹਾਰ ਦੀ ਗੰਭੀਰਤਾ ਨਾਲ ਪੜਚੋਲ ਕੀਤੀ ਹੈ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਜਮਾਂਦਰੂ ਦਿਲ ਦੀ ਬਿਮਾਰੀ ਹੋਣ ਦੇ ਜ਼ਿਆਦਾਤਰ ਮਾਮਲਿਆਂ ਦਾ ਕੋਈ ਕਾਰਨ ਪਤਾ ਨਹੀਂ ਹੁੰਦਾ ਹੈ।

ਜਮਾਂਦਰੂ ਦਿਲ ਦੀ ਬਿਮਾਰੀ ਦੇ ਕੁੱਝ ਜਾਣੇ-ਪਛਾਣੇ ਕਾਰਨ ਹਨ:

- **ਵੰਸ-ਕਣ (ਜੀਨਸ)।** 20% ਮਾਮਲਿਆਂ ਵਿੱਚ ਅਨੁਵੰਸ਼ਿਕ (ਜੈਨੇਟਿਕ) ਕਾਰਨ ਹੁੰਦਾ ਹੈ।[2]
- **ਗਰਭ-ਅਵਸਥਾ ਦੌਰਾਨ ਬਿਮਾਰੀ।** ਜਰਮਨ ਖਸਰੇ ਵਰਗੀਆਂ ਬਿਮਾਰੀਆਂ ਜਮਾਂਦਰੂ ਦਿਲ ਦੀ ਬਿਮਾਰੀ ਹੋਣ ਦੇ ਜ਼ੋਖਮ ਨੂੰ ਵਧਾ ਸਕਦੀਆਂ ਹਨ।
- **ਦਵਾਈਆਂ।** ਕੁੱਝ ਦਵਾਈਆਂ ਜੇ ਗਰਭ-ਅਵਸਥਾ ਦੌਰਾਨ ਲਈਆ ਜਾਂਦੀਆਂ ਹਨ ਤਾਂ ਉਹ ਮਾਂ ਕੋਲ ਜਮਾਂਦਰੂ ਦਿਲ ਦੀ ਬਿਮਾਰੀ ਵਾਲਾ ਬੱਚਾ ਪੈਦਾ ਹੋਣ ਦਾ ਜ਼ੋਖਮ ਵਧਾ ਸਕਦੀਆਂ ਹਨ।
- **ਉਮਰ।** ਛੋਟੀ ਉਮਰ ਦੀਆਂ ਔਰਤਾਂ ਦੇ ਬੱਚਿਆਂ ਨਾਲੋਂ ਵੱਡੀ ਉਮਰ ਦੀਆਂ ਔਰਤਾਂ ਦੇ ਬੱਚਿਆਂ ਵਿੱਚ ਜਨਮ ਨੁਕਸ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

- **ਹੋਰ ਜਨਮ ਨੁਕਸ।** ਡਾਊਨ ਸਿੰਡਰੋਮ ਵਾਲੇ ਬੱਚੇ ਨੂੰ ਦਿਲ ਦਾ ਨੁਕਸ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- **ਗਰਭ-ਅਵਸਥਾ ਦੌਰਾਨ ਸਿਗਰਟਨੋਸ਼ੀ, ਸ਼ਰਾਬ ਪੀਣਾ ਜਾਂ ਨਸ਼ੇ ਲੈਣਾ।**
- **ਗਰਭ-ਅਵਸਥਾ ਦੌਰਾਨ ਸ਼ੂਗਰ ਰੋਗ ਜਾਂ ਮਾੜਾ ਪੋਸ਼ਣ।**

## ਕੀ ਇਹ ਸਾਡੇ ਪਰਿਵਾਰ ਵਿੱਚ ਦੁਬਾਰਾ ਹੋਵੇਗਾ?

ਲਗਭਗ 1% ਬੱਚੇ ਜਮਾਂਦਰੂ ਦਿਲ ਦੀ ਬਿਮਾਰੀ ਨਾਲ ਪੈਦਾ ਹੁੰਦੇ ਹਨ।[1] ਤੁਹਾਡੇ ਪਰਿਵਾਰ ਵਿੱਚ ਅਜਿਹਾ ਦੁਬਾਰਾ ਹੋਣ ਦਾ ਜ਼ੋਖਮ ਤੁਹਾਡੀ ਸਥਿਤੀ ਅਤੇ ਹਾਲਤ ਦੇ ਅਧਾਰ 'ਤੇ ਵੱਖ-ਵੱਖ ਹੁੰਦਾ ਹੈ।

ਅਸੀਂ ਜਾਣਦੇ ਹਾਂ ਕਿ:

- ਜੇਕਰ ਤੁਹਾਡੇ ਕੋਲ ਪਹਿਲਾਂ ਹੀ ਜਮਾਂਦਰੂ ਦਿਲ ਦੀ ਬਿਮਾਰੀ ਵਾਲਾ ਬੱਚਾ ਹੈ ਪਰ ਤੁਹਾਡੇ ਪਰਿਵਾਰ ਵਿੱਚ ਜਮਾਂਦਰੂ ਦਿਲ ਦੀ ਬਿਮਾਰੀ ਦਾ ਕੋਈ ਹੋਰ ਇਤਿਹਾਸ ਨਹੀਂ ਹੈ, ਤਾਂ ਤੁਹਾਡੇ ਕੋਲ ਇੱਕ ਹੋਰ ਜਮਾਂਦਰੂ ਦਿਲ ਦੀ ਬਿਮਾਰੀ ਵਾਲੇ ਬੱਚੇ ਦੇ ਹੋਣ ਦਾ ਜ਼ੋਖਮ 3 – 4% ਤੱਕ ਵੱਧ ਜਾਂਦਾ ਹੈ।
- ਜੇ ਇੱਕ ਤੋਂ ਵੱਧ ਭੈਣ-ਭਰਾ ਨੂੰ ਜਮਾਂਦਰੂ ਦਿਲ ਦੀ ਬਿਮਾਰੀ ਹੈ, ਤਾਂ ਜਮਾਂਦਰੂ ਦਿਲ ਦੀ ਬਿਮਾਰੀ ਵਾਲੇ ਦੂਜੇ ਬੱਚੇ ਦੇ ਹੋਣ ਦਾ ਇਹ ਜ਼ੋਖਮ ਹੋਰ ਵੱਧ ਜਾਂਦਾ ਹੈ।
- ਜਮਾਂਦਰੂ ਦਿਲ ਦੀ ਬਿਮਾਰੀ ਵਾਲੇ ਬੱਚੇ ਦੇ ਪੈਦਾ ਹੋਣ ਦਾ ਜ਼ੋਖਮ ਵੱਧ ਜਾਂਦਾ ਹੈ ਜੇਕਰ ਮਾਤਾ-ਪਿਤਾ ਵਿੱਚੋਂ ਕਿਸੇ ਇੱਕ ਨੂੰ ਜਮਾਂਦਰੂ ਦਿਲ ਦੀ ਬਿਮਾਰੀ ਹੈ। ਜੇਕਰ ਮਾਤਾ-ਪਿਤਾ ਵਿੱਚੋਂ ਮਾਂ ਪ੍ਰਭਾਵਿਤ ਹੈ, ਤਾਂ ਬੱਚਿਆਂ ਨੂੰ ਜਮਾਂਦਰੂ ਦਿਲ ਦੀ ਬਿਮਾਰੀ ਹੋਣ ਦਾ ਜ਼ੋਖਮ ਵੱਧ ਹੁੰਦਾ ਹੈ[2]

ਜੇਕਰ ਤੁਹਾਨੂੰ ਜਮਾਂਦਰੂ ਦਿਲ ਦੀ ਬਿਮਾਰੀ ਹੈ ਅਤੇ ਤੁਸੀਂ ਪਰਿਵਾਰ ਸ਼ੁਰੂ ਕਰਨ ਬਾਰੇ ਸੋਚ ਰਹੇ ਹੋ, ਤਾਂ ਤੁਹਾਡੇ ਕੋਲ ਆਪਣੇ ਡਾਕਟਰ ਲਈ ਜੈਨੇਟਿਕ ਟੈਸਟਿੰਗ ਬਾਰੇ ਸਵਾਲ ਹੋ ਸਕਦੇ ਹਨ। ਉਹ ਤੁਹਾਡੀ ਸਥਿਤੀ ਬਾਰੇ ਸਲਾਹ ਦੇ ਸਕਦੇ ਹਨ ਅਤੇ ਜੇ ਉਚਿਤ ਹੋਵੇ ਤਾਂ ਜੈਨੇਟਿਕ ਕਾਉਂਸਲਿੰਗ ਸੇਵਾ ਲਈ ਰੈਫ਼ਰਲ ਦੇ ਸਕਦੇ ਹਨ।

ਜ਼ਿਆਦਾਤਰ ਮਾਮਲਿਆਂ ਵਿੱਚ ਇਸਦਾ ਕਾਰਨ ਅਣਜਾਣ ਹੈ, ਜੋ ਜੈਨੇਟਿਕ ਟੈਸਟਿੰਗ ਲਈ ਵਿਕਲਪਾਂ ਨੂੰ ਸੀਮਤ ਕਰ ਸਕਦਾ ਹੈ।

## ਜੈਨੇਟਿਕ ਕਾਉਂਸਲਿੰਗ ਕੀ ਹੁੰਦੀ ਹੈ?

ਜੈਨੇਟਿਕ ਕਾਉਂਸਲਿੰਗ ਸੇਵਾਵਾਂ ਉਹਨਾਂ ਲੋਕਾਂ ਅਤੇ ਪਰਿਵਾਰਾਂ ਲਈ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਕੁੱਝ ਜਨਮ ਨੁਕਸ ਹੁੰਦੇ ਹਨ, ਜਾਂ ਵਿਕਸਤ ਕਰਨ ਦੇ ਜ਼ੋਖਮ ਵਿੱਚ ਹਨ।

ਜੇ ਜੀਨਾਂ ਕਾਰਨ ਜਮਾਂਦਰੂ ਦਿਲ ਦੀ ਬਿਮਾਰੀ ਹੁੰਦੀ ਹੈ ਅਤੇ ਡਾਕਟਰ ਪਛਾਣ ਕਰ ਸਕਦੇ ਹਨ ਕਿ ਇਹ ਕਿਹੜੇ ਜੀਨਾਂ ਕਾਰਨ ਹੈ, ਤਾਂ ਇਹ ਅੰਦਾਜ਼ਾ ਲਗਾਉਣਾ ਆਸਾਨ ਹੁੰਦਾ ਹੈ ਕਿ ਪਰਿਵਾਰ ਦੇ ਕਿਸੇ ਹੋਰ ਮੈਂਬਰ ਜਾਂ ਬੱਚੇ ਵਿੱਚ ਇਸਦੇ ਹੋਣ ਦੀ ਕਿੰਨੀ ਸੰਭਾਵਨਾ ਹੈ।

ਕੁੱਝ ਮਾਮਲਿਆਂ ਵਿੱਚ, ਉਹ ਸੰਭਾਵੀ ਕਾਰਨਾਂ ਅਤੇ ਦੁਬਾਰਾ ਹੋਣ ਵਾਲੇ ਨੁਕਸ ਦੇ ਜ਼ੋਖਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

ਜੈਨੇਟਿਕ ਕਾਉਂਸਲਿੰਗ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਅਤੇ ਕੀ ਇਹ ਤੁਹਾਡੇ ਲਈ ਵਧੀਆ ਵਿਕਲਪ ਹੋਵੇਗਾ ਜਾਂ ਨਹੀਂ।

## ਹਵਾਲੇ


[1] VAN DER LINDE, D., KONINGS, E., SLAGER, M., WITSENBURG, M., HELBING, W., TAKKENBERG, and J. J. & ROOS-HESSELINK (2011). "Birth prevalence of congenital heart disease world-wide: a systematic review and meta-analysis." Journal of the American College of Cardiology. 58: 2241-2247.

[2] BLUE, G. M., KIRK, E. P., SHOLLER, G. P., HARVEY, R. P. & WINLAW, D. S. (2012). "Winlaw DS. ਜਮਾਂਦਰੂ ਦਿਲ ਦੀ ਬਿਮਾਰੀ: current knowledge about causes and inheritance." The Medical Journal of Australia 197: 155- 159.



ਇਸ ਤੱਥ ਸ਼ੀਟ ਨੂੰ ਮਾਰਚ 2021 ਵਿੱਚ HeartKids ਦੁਆਰਾ ਸਮੀਖਿਆ ਕੀਤਾ ਅਤੇ ਨਵਿਆਇਆ ਗਿਆ ਸੀ। ਪ੍ਰਕਾਸ਼ਨ ਦੇ ਸਮੇਂ ਸਾਡੀ ਕਲੀਨਿਕਲ ਸਲਾਹਕਾਰ ਕਮੇਟੀ ਦੁਆਰਾ ਇਸਦਾ ਸਮਰਥਨ ਕੀਤਾ ਗਿਆ ਸੀ। ਇਸ ਮਿਤੀ ਤੋਂ ਬਾਅਦ ਕਲੀਨਿਕਲ ਜਾਣਕਾਰੀ ਬਦਲ ਵੀ ਸਕਦੀ ਹੈ। ਇਸ ਤੱਥ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਆਮ ਹੈ। ਇਹ ਤੁਹਾਡੇ ਡਾਕਟਰ ਵੱਲੋਂ ਦਿੱਤੀ ਜਾਣ ਵਾਲੀ ਡਾਕਟਰੀ ਸਲਾਹ ਦਾ ਬਦਲ ਨਹੀਂ ਹੈ। ਤੁਹਾਡੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਬਾਰੇ ਹਮੇਸ਼ਾ ਆਪਣੇ ਡਾਕਟਰ ਨਾਲ ਗੱਲ ਕਰੋ।


## ਹੋਰ ਜਾਣਕਾਰੀ ਅਤੇ ਸਹਾਇਤਾ ਕਿੱਥੋਂ ਲੱਭਣੀ ਹੈ

### HeartKids

heartkids.org.au

ਬਚਪਨ ਦੀ ਦਿਲ ਦੀ ਬਿਮਾਰੀ ਅਤੇ HeartKids ਤੁਹਾਨੂੰ ਕੀ ਸਹਾਇਤਾ ਦੇ ਸਕਦਾ ਹੈ, ਇਸ ਬਾਰੇ ਹੋਰ ਜਾਣੋ।

1800 432 785

ਸਹਾਇਤਾ, ਸਲਾਹ ਅਤੇ ਮਾਰਗਦਰਸ਼ਨ ਲਈ HeartKids ਹੈਲਪਲਾਈਨ 'ਤੇ ਫ਼ੋਨ ਕਰੋ।

@HeartKidsAustralia

@HeartKids